20.10.96

# ਕਲਾ ਦੇ ਝਰੋਖੇ ਤੋਂ

## ਗੁਰਸ਼ਰਨ ਸਿੰਘ

**ਚਿੱਤਰਕਾਰ ਹੁਸੈਨ ਦੀਆਂ ਤਸਵੀਰਾਂ:** ਹੁਸੈਨ ਸਾਡਾ ਅੰਤਰਰਾਸ਼ਟਰੀ ਪੱਧਰ ਦਾ ਚਿੱਤਰਕਾਰ ਹੈ। ਉਹਦੀਆਂ ਖ਼ੂਬੀਆਂ ਦੇ ਨਾਲ ਨਾਲ ਉਹਦੀ ਇਕ ਕਮਜ਼ੋਰੀ ਹੈ ਕਿ ਉਹ ਚਾਹੁੰਦਾ ਏ ਕਿ ਉਹ ਕੁਝ ਨਾ ਕੁਝ ਐਸਾ ਕਰਦਾ ਰਹੇ, ਜਿਸ ਕਰਕੇ ਉਹ ਚਰਚਾ ਦਾ ਬਿੰਦੂ ਬਣਿਆਂ ਰਹੇ। ਕੁਝ ਚਿਰ ਪਹਿਲਾਂ ਉਹ ਮਾਧੁਰੀ ਦੀ ਕਿਸ਼ਤ ਦੀ ਖ਼ੂਬਸੂਰਤੀ 'ਤੇ ਫ਼ਿਦਾ ਹੋ ਗਿਆ ਸੀ। ਉਹਨੇ ਉਹਦੇ ਬਹੁਤ ਸਾਰੇ ਚਿੱਤਰ ਬਣਾ ਕੇ ਉਨ੍ਹਾਂ ਦੀ ਨੁਮਾਇਸ਼ ਕੀਤੀ। ਇਹ ਨੁਮਾਇਸ਼ ਵਪਾਰਕ ਨਜ਼ਰੀਏ ਤੋਂ ਭਾਵੇਂ ਬਹੁਤ ਕਾਮਯਾਬ ਸੀ ਪਰ ਕਲਾ ਆਲੋਚਕਾਂ ਨੇ ਉਹਦੀਆਂ ਬਣਾਈਆਂ ਹੋਈਆਂ ਤਸਵੀਰਾਂ ਬਾਰੇ ਆਲੋਚਨਾ ਕੀਤੀ ਕਿ ਇਹ ਤਸਵੀਰਾਂ ਉਹਦੀ ਕਲਾ ਦੀ ਪ੍ਰਾਪਤੀ ਨਹੀਂ ਸਗੋਂ ਨਿਘਾਰ ਹਨ। ਹੁਸੈਨ ਦਾ ਇਸ ਆਲੋਚਨਾ ਬਾਰੇ ਪ੍ਰਤੀਕਰਮ ਸੀ ਤੇ ਇਹ ਪ੍ਰਤੀਕਰਮ ਉਸ ਨੇ ਇਕ ਇੰਟਰਵਿਊ ਵਿਚ ਜ਼ਾਹਰ ਵੀ ਕੀਤਾ ਕਿ ਕਲਾਕਾਰ ਕੋਈ ਕਲਾ ਦੀ ਸਿਰਜਣਾ ਆਪਣੀ ਖ਼ੁਸ਼ੀ ਲਈ ਕਰਦਾ ਹੈ, ਜੇ ਉਹ ਸਿਰਜਣਾ ਕਿਸੇ ਨੂੰ ਚੰਗੀ ਨਹੀਂ ਲਗਦੀ ਤਾਂ ਉਹ ਉਸ ਵਿਚ ਕੀ ਕਰ ਸਕਦਾ ਹੈ, ਭਾਵ ਕਲਾਕਾਰ ਕਿਸੇ ਨੂੰ ਜਵਾਬਦੇਹ ਨਹੀਂ ਜਾਂ ਇਹ ਕਹਿ ਲਵੋ ਕਿ ਉਹਦੀ ਕੋਈ ਸਮਾਜਿਕ ਜ਼ਿੰਮੇਵਾਰੀ ਨਹੀਂ।

ਹੁਣ ਦੇਵੀ ਸਰਸਵਤੀ ਦਾ ਇਕ ਨਿਰਵਸਤਰ ਚਿੱਤਰ ਬਣਾ ਕੇ ਉਹ ਫੇਰ ਚਰਚਾ ਦਾ ਬਿੰਦੂ ਬਣਿਆ ਹੈ। ਹਿੰਦੂ ਕੱਟੜਵਾਦੀਆਂ ਨੇ ਇਸ ਚਿੱਤਰ 'ਤੇ ਇਤਰਾਜ਼ ਕੀਤਾ ਹੈ। ਉਨ੍ਹਾਂ ਨੇ ਇਹ ਇਤਰਾਜ਼ ਕਰਨਾ ਸੀ। ਉਹ ਕੱਟੜਵਾਦੀ ਇਹ ਕਿਸ ਤਰ੍ਹਾਂ ਬਰਦਾਸ਼ਤ ਕਰ ਸਕਦੇ ਸਨ ਕਿ ਇਕ ਮੁਸਲਮਾਨ ਉਨ੍ਹਾਂ ਦੇ ਦੇਵੀ ਦਾ ਨਿਰਵਸਤਰ ਚਿੱਤਰ ਬਣਾਏ। ਮਹਾਰਾਸ਼ਟਰ ਦੀ ਸ਼ਿਵ ਸੈਨਾ ਦੀ ਸਰਕਾਰ ਦੇ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਨੇ ਅਦਾਲਤ ਵਿਚ ਹੁਸੈਨ ਦੇ ਵਿਰੁਧ ਮੁਕੱਦਮਾ ਵੀ ਦਾਇਰ ਕਰ ਦਿੱਤਾ ਹੈ ਕਿ ਉਹਨੇ ਹਿੰਦੂ ਫਿਰਕੇ ਦੇ ਜਜ਼ਬਿਆਂ ਨੂੰ ਠੇਸ ਪੁਚਾਈ ਹੈ। ਸ਼ੁਕਰ ਦੀ ਗੱਲ ਹੈ ਕਿ ਸ਼ਿਵ ਸੈਨੀਆਂ ਨੇ ਮੁਸਲਮਾਨਾਂ ਦੀਆਂ ਦੁਕਾਨਾਂ 'ਤੇ ਹਮਲਾ ਨਹੀਂ। ਕਰਨ ਨੂੰ ਉਹ ਕਰ ਸਕਦੇ ਸਨ। ਉਨ੍ਹਾਂ ਅਹਿਮਦਾਬਾਦ ਵਿਚ ਉਹਦੀਆਂ ਬਣਾਈਆਂ ਹੋਈਆਂ ਤਸਵੀਰਾਂ ਸਾੜੀਆਂ ਹਨ। ਉਨ੍ਹਾਂ ਸਾੜੀਆਂ ਹੋਈਆਂ ਤਸਵੀਰਾਂ ਦੀ ਫੇਰ ਨੁਮਾਇਸ਼ ਹੁਸੈਨ ਦੇ ਸਮਰਥਕਾਂ ਵਲੋਂ ਲਗਾਈ ਗਈ।

ਕਲਾ ਦੇ ਹਲਕਿਆਂ ਵਿਚ ਬਹਿਸ ਦਾ ਮੁੱਦਾ ਹੈ ਕਿ ਕੀ ਕਿਸੇ ਕਲਾਕਾਰ ਨੂੰ ਖੁੱਲ੍ਹ ਨਹੀਂ ਕਿ ਉਹ ਆਪਣੀ ਮਰਜ਼ੀ ਨਾਲ ਕਿਸੇ ਚਿੱਤਰ ਦੀ ਸਿਰਜਣਾ ਕਰੇ? ਫੇਰ ਇਤਰਾਜ਼ ਕਿਉਂ ਹੈ? ਦੂਜੇ ਜਵਾਬ ਦੇਂਦੇ ਹਨ ਕਿ ਉਹਨੂੰ ਖੁੱਲ੍ਹ ਹੈ, ਪਰ ਉਹ ਖੁੱਲ੍ਹ ਜੇਕਰ ਖਾਹਮਖਾਹ ਕੱਟੜਵਾਦੀਆਂ ਨੂੰ ਫਸਾਦ ਖੜ੍ਹਾ ਕਰਨ ਦਾ ਮੌਕਾ ਦੇਵੇ ਤਾਂ ਉਹਦੇ ਤੋਂ ਬਚਣਾ ਚਾਹੀਦਾ ਹੈ। ਕਲਾ ਨਾਲ ਸਬੰਧਤ ਲੋਕਾਂ ਦਾ ਇਹ ਫਰਜ਼ ਹੈ ਕਿ ਉਹ ਕਲਾਕਾਰ ਦੀ ਆਜ਼ਾਦੀ ਉਤੇ ਪਹਿਰਾ ਦੇਣ ਪਰ ਨਾਲ ਕਲਾਕਾਰ ਨੂੰ ਇਹ ਵੀ ਸਪਸ਼ਟ ਕਰਨ ਕਿ ਉਹਦੀ ਕੁਝ ਸਮਾਜਿਕ ਜ਼ਿੰਮੇਵਾਰੀ ਵੀ ਹੈ। ਹੁਸੈਨ ਨੇ ਆਪਣੀਆਂ ਤਸਵੀਰਾਂ ਉਤੇ ਹਮਲੇ ਨੂੰ ਇਕ ਫਾਸ਼ੀ ਰੁਝਾਨ ਦੱਸਿਆ ਹੈ ਪਰ ਲੋਕ ਭੁੱਲ ਨਹੀਂ ਸਕਦੇ ਕਿ ਜਦੋਂ ਇੰਦਰਾ ਗਾਂਧੀ ਨੇ 1975 ਵਿਚ ਐਮਰਜੈਂਸੀ ਲਗਾਈ ਸੀ ਤਾਂ ਹੁਸੈਨ ਕਲਾਕਾਰਾਂ ਵਿਚੋਂ ਪਹਿਲਾ ਕਲਾਕਾਰ ਸੀ ਕਿ ਉਹਨੇ ਉਸ ਫਾਸ਼ੀ ਕਦਮ ਦੀ ਹਮਾਇਤ ਕੀਤੀ ਸੀ। ਉਹ ਕਦਮ ਜਿਹੜਾ ਉਸ ਵੇਲੇ 70 ਕਰੋੜ ਹਿੰਦੁਸਤਾਨੀਆਂ ਦੀ ਆਜ਼ਾਦੀ ਉਤੇ ਸਿੱਧਾ ਹਮਲਾ ਸੀ।

ਕਲਾਕਾਰ ਦੀ ਆਜ਼ਾਦੀ ਜਮਹੂਰੀ ਨਿਜ਼ਾਮ ਦੀ ਇਕ ਵੱਡੀ ਮੰਗ ਹੈ। ਕੱਟੜਵਾਦੀਆਂ ਦਾ ਮੁਕਾਬਲਾ ਜ਼ਰੂਰੀ ਹੈ ਪਰ ਕਲਾਕਾਰ ਦੀ ਸਮਾਜਿਕ ਜ਼ਿੰਮੇਵਾਰੀ ਵੀ ਆਪਣੇ ਆਪ ਵਿਚ ਇਕ ਮੁੱਦਾ ਹੈ। ਹਰ ਮਸਲੇ ਦੇ ਸਾਰੇ ਪਹਿਲੂਆਂ ਉਤੇ ਨਜ਼ਰ ਰੱਖਣੀ ਜ਼ਰੂਰੀ ਹੈ।

**ਨਾਟਕ ਕਲਾਕਾਰਾਂ ਦੀ ਇਕ ਗੋਸ਼ਟੀ:** ਪੰਜਾਬ ਸੰਗੀਤ ਨਾਟਕ ਅਕੈਡਮੀ ਦੇ ਸੱਦੇ ਤੇ 12 ਅਕਤੂਬਰ ਪੰਜਾਬ ਕਲਾ ਭਵਨ, ਚੰਡੀਗੜ੍ਹ ਵਿਚ ਪੰਜਾਬ ਦੇ ਨਾਟਕ ਕਲਾਕਾਰ ਇਕੱਠੇ ਹੋਏ। ਇਹ ਇਕ ਸਾਰਥਕ ਇਕੱਠ ਸੀ। ਬਹੁਤ ਸਾਰੇ ਮੁੱਦਿਆਂ ਉਤੇ ਵਿਚਾਰ ਕੀਤੀ ਗਈ। ਮੀਟਿੰਗ ਦੀ ਕਾਮਯਾਬੀ ਇਸ ਵਿਚ ਸੀ ਕਿ ਕਲਾਕਾਰਾਂ ਨੇ ਬਿਨਾਂ ਝਿੱਜਕ ਖੁੱਲ੍ਹ ਕੇ ਗੱਲ ਕੀਤੀ। ਇਹ ਸਪਸ਼ਟ ਸੀ ਕਿ ਥੀਏਟਰ ਦੇ ਵਰਕਰਾਂ ਨੂੰ ਸ਼ਕਾਇਤ ਸੀ ਕਿ ਗਾਇਕਾਂ ਦੇ ਮੁਕਾਬਲੇ ਵਿਚ ਥੀਏਟਰ ਵੱਲ ਸਰਕਾਰੀ ਅਦਾਰਿਆਂ ਵਲੋਂ ਲਾਪ੍ਰਵਾਹੀ ਵਿਖਾਈ ਜਾ ਰਹੀ ਹੈ। ਇਹ ਵਿਚਾਰ ਉਭਰ ਕੇ ਸਾਹਮਣੇ ਆਏ ਕਿ ਥੀਏਟਰ ਵਰਕਰ ਇਕ ਜਥੇਬੰਦੀ ਬਣਾ ਕੇ ਆਪਣੇ ਹੱਕਾਂ ਦੀ ਰਾਖੀ ਲਈ ਲਾਮਬੰਦ ਹੋਏ। ਪੰਜਾਬ ਵਿਚ ਥਇਟਰ ਦੇ ਵਿਕਾਸ ਬਾਰੇ ਵੀ ਸਾਰਥਕ ਬਹਿਸ ਹੋਈ। ਇਹੋ ਜਿਹੀਆਂ ਗੋਸ਼ਟੀਆਂ ਸਮੇਂ ਦੀ ਲੋੜ ਹਨ। ਪੰਜਾਬ ਸੰਗੀਤ ਨਾਟਕ ਅਕੈਡਮੀ ਇਸ ਉਪਰਾਲੇ ਲਈ ਕਲਾਕਾਰਾਂ ਦੇ ਧੰਨਵਾਦ ਦੀ ਪਾਤਰ ਹੈ।

20-10-1996